© ਅਰਮਾਨ (ARMAAN) | ISSN: 2583-9446 (O)

ਅਰਮਾਨ ARMAAN

(An International Multidisciplinary, Open Access Peer Reviewed & Indexed Research Journal)

Paper Id: ARMN040304

Volume 4, Issue 3| July-Sep. 2026

Available online at: www.armaan.org.in

DOI Link: https://doi.org/10.64119/armaan.vol.4.issue3.04

| DOI | Received Date | Accepted Date | Published Date |
|---|---|---|---|
| 10.64119/armaan.vol.4.issue3.04 | August 06, 2026 | August 31, 2026 | September 05, 2026 |

ਖੋਜ ਪੇਪਰ (Research Article)

# ਦਰਸ਼ਨ ਬੁੱਟਰ ਦੀ ਕਵਿਤਾ ਵਿਚਲੀਆਂ ਪ੍ਰਤੀਧੁਨੀਆਂ

## Darshan Butter Di Kavita Vichlian Pratidhunian

**ਡਾ. ਪਵਨ ਕੁਮਾਰ (Dr. Pawan Kumar)**

ਐਸੋਸੀਏਟ ਪ੍ਰੋਫੈਸਰ (Associate Professor)

ਭਾਈ ਗੁਰਦਾਸ ਡਿਗਰੀ ਕਾਲਜ, ਸੰਗਰੂਰ (ਪੰਜਾਬ)- 148002

ORCID: 0009-0004-2509-6050

*E-Mail: ps33686@gmail.com*

***ਸਾਰ (Abstract)***

*ਪ੍ਰਸਤੁਤ ਪੇਪਰ ਸਮਕਾਲੀ ਪੰਜਾਬੀ ਕਵਿਤਾ ਦੇ ਪ੍ਰਮੁੱਖ ਹਸਤਾਖ਼ਰ ਦਰਸ਼ਨ ਬੁੱਟਰ ਦੀ ਸ਼ਾਇਰੀ ਵਿਚਲੀਆਂ 'ਪ੍ਰਤੀਧੁਨੀਆਂ' (Resonances/Echoes) ਦਾ ਚਿੰਤਨਮੂਲਕ ਅਤੇ ਸੁਹਜ-ਸ਼ਾਸਤਰੀ ਵਿਸ਼ਲੇਸ਼ਣ ਕਰਦਾ ਹੈ। ਦਰਸ਼ਨ ਬੁੱਟਰ ਸਮੁੱਚੇ ਤੌਰ 'ਤੇ ਮਾਨਵਵਾਦੀ ਵਿਚਾਰਧਾਰਾ ਦੇ ਪ੍ਰਤੀਬੱਧ ਅਤੇ ਸੰਵੇਦਨਸ਼ੀਲ ਸ਼ਾਇਰ ਹਨ। ਉਹਨਾਂ ਦੇ ਕਾਵਿ-ਜਗਤ ਵਿਚ ਅਤੀਤ, ਇਤਿਹਾਸਕ ਪਰੰਪਰਾ, ਮਿਥਿਹਾਸਕ ਪੁਨਰ-ਵਿਆਖਿਆ, ਮਾਨਵੀ ਰਿਸ਼ਤਿਆਂ ਵਿਚਲੇ ਨਿਘਾਰ, ਨਾਰੀ ਸੰਵੇਦਨਾ ਅਤੇ ਵਿਸ਼ਵੀਕਰਨ ਦੇ ਦੌਰ ਵਿਚ ਪੈਦਾ ਹੋਏ ਅਸਤਿਤਵਵਾਦੀ ਸੰਕਟ ਦੀਆਂ ਪ੍ਰਬਲ ਪ੍ਰਤੀਧੁਨੀਆਂ ਸੁਣਾਈ ਦਿੰਦੀਆਂ ਹਨ। 'ਖੜਾਵਾਂ' (2001), 'ਦਰਦ ਮਜੀਠੀ' (2006), ਅਤੇ 'ਮਹਾਂਕੰਬਣੀ' (2009) ਵਰਗੇ ਕਾਵਿ-ਸੰਗ੍ਰਹਿਆਂ ਦੇ ਵਿਸ਼ੇਸ਼ ਸੰਦਰਭ ਵਿਚ ਇਸ ਅਧਿਐਨ ਦੇ ਮਾਧਿਅਮ ਨਾਲ ਇਹ ਸਿੱਧ ਕਰਨ ਦਾ ਯਤਨ ਹੈ ਕਿ ਬੁੱਟਰ ਦੀ ਕਵਿਤਾ ਕੇਵਲ ਬਾਹਰੀ ਸਮਾਜਿਕ ਜੀਵਨ ਜਾਂ ਉਪਰਲੇ ਯਥਾਰਥ ਦਾ ਬਿਆਨ ਨਹੀਂ ਹੈ, ਸਗੋਂ ਇਹ ਮਨੁੱਖੀ ਅਵਚੇਤਨ, ਮਾਨਸਿਕ ਦਵੰਦ ਅਤੇ ਬ੍ਰਹਿਮੰਡੀ ਚੇਤਨਾ ਦੀ ਇਕ ਡੂੰਘੀ ਗੂੰਜ ਹੈ। ਇਹ ਬੁੱਟਰ ਦੀ ਸ਼ੈਲੀਗਤ ਵਿਲੱਖਣਤਾ ਅਤੇ ਉਹਨਾਂ ਦੇ ਕਾਵਿ-ਵਿਧਾਨ ਨੂੰ ਸਮਝਣ ਲਈ ਭਾਰਤੀ ਧੁਨੀ-ਸਿਧਾਂਤ ਅਤੇ ਪੱਛਮੀ ਉੱਤਰ-ਆਧੁਨਿਕ ਚਿੰਤਨ ਦੇ ਸੂਤਰਾਂ ਦੀ ਵਰਤੋਂ ਕਰਦਾ ਹੈ।*

***ਮੁੱਖ-ਸ਼ਬਦ (Keywords)***

*ਦਰਸ਼ਨ ਬੁੱਟਰ, ਪ੍ਰਤੀਧੁਨੀਆਂ, ਸਮਕਾਲੀ ਪੰਜਾਬੀ ਕਵਿਤਾ, ਧੁਨੀ-ਸਿਧਾਂਤ, ਮਾਨਵਵਾਦੀ ਚੇਤਨਾ, ਅਸਤਿਤਵਵਾਦੀ ਸੰਕਟ।*

### ਭੂਮਿਕਾ

ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸਕ, ਸਿਧਾਂਤਕ ਅਤੇ ਵਿਕਾਸਵਾਦੀ ਪਰਿਪੇਖ ਵਿਚ ਜਦੋਂ ਅਸੀਂ ਸਮਕਾਲੀ ਦੌਰ (ਉੱਤਰ-ਪੰਜਾਬ ਸੰਕਟ ਅਤੇ ਵਿਸ਼ਵੀਕਰਨ ਦੇ ਦੌਰ) ਦੀ ਨਿਵੇਕਲੀ, ਗੰਭੀਰ ਅਤੇ ਪ੍ਰਭਾਵਸ਼ਾਲੀ ਆਵਾਜ਼ ਦੀ ਤਲਾਸ਼ ਕਰਦੇ ਹਾਂ, ਤਾਂ ਦਰਸ਼ਨ ਬੁੱਟਰ ਦਾ ਨਾਮ ਮੂਹਰਲੀਆਂ ਸਫ਼ਾਂ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ। ਡਾ. ਸੁਰਜੀਤ ਪਾਤਰ ਕਾਵਿ-ਸੰਗ੍ਰਹਿ ਖੜਾਵਾਂ ਦੇ ਸਰਵਰਕ ਤੇ ਲਿਖੇ ਸ਼ਬਦਾਂ ਵਿਚ ਕਹਿੰਦੇ ਹਨ ਕਿ,'ਸ਼ਬਦਾਂ, ਬੰਦਿਆਂ, ਚੀਜ਼ਾਂ ਅਤੇ ਮੁੱਲਾਂ ਨਾਲ ਸੰਵੇਦਨਸ਼ੀਲ, ਜੀਵਤ ਤੇ ਸਿਰਜਣਾਤਮਕ ਰਿਸ਼ਤਾ ਦਰਸ਼ਨ ਬੁੱਟਰ ਦੀ ਸ਼ਖ਼ਸੀਅਤ ਅਤੇ ਸ਼ਾਇਰੀ ਦੀ ਪ੍ਰਮਾਣਿਕਤਾ ਹੈ। 'ਸਾਹਿਤ ਮੂਲ ਰੂਪ ਵਿਚ ਮਨੁੱਖੀ ਸੰਵੇਦਨਾ, ਬੌਧਿਕਤਾ, ਸੱਭਿਆਚਾਰਕ ਚੇਤਨਾ ਅਤੇ ਸਮਾਜਿਕ ਸਰੋਕਾਰਾਂ ਦਾ ਅਜਿਹਾ ਜੀਵੰਤ ਸ਼ੀਸ਼ਾ ਹੈ ਜਿਸ ਵਿਚ ਕੇਵਲ ਵਰਤਮਾਨ ਕਾਲ ਦਾ ਯਥਾਰਥ ਹੀ ਰੂਪਮਾਨ ਨਹੀਂ ਹੁੰਦਾ, ਸਗੋਂ ਇਸ ਦੇ ਅੰਦਰ ਅਤੀਤ ਦੀਆਂ ਪਰੰਪਰਾਵਾਂ ਅਤੇ ਭਵਿੱਖ ਦੀਆਂ ਚਿੰਤਾਵਾਂ ਦੀਆਂ ਅਨੇਕਾਂ ਪ੍ਰਤੀਧੁਨੀਆਂ ਵੀ ਲਗਾਤਾਰ ਸੁਣਾਈ ਦਿੰਦੀਆਂ ਹਨ।

ਪੰਜਾਬੀ ਸਾਹਿਤ ਚਿੰਤਨ ਵਿਚ ਇਹ ਪ੍ਰਵਾਨਿਤ ਤੱਥ ਹੈ ਕਿ ਸਾਹਿਤ ਨੂੰ 'ਸਤਿਅਮ, ਸ਼ਿਵਮ ਅਤੇ ਸੁੰਦਰਮ' (ਸੱਚ, ਕਲਿਆਣ ਅਤੇ ਸੁਹਜ) ਅਤੇ 'ਸੂਖਮ ਕਲਾ' ਮੰਨਿਆ ਗਿਆ ਹੈ। ਡਾ. ਸਰਬਜੀਤ ਸਿੰਘ ਸਮਕਾਲੀ ਕਵਿਤਾ ਦਾ ਨਵਾਂ ਮੁਹਾਂਦਰਾ ਦੀ ਭੂਮਿਕਾ ਵਿਚ ਲਿਖਦੇ ਹਨ, *'ਸਾਹਿਤ ਜੀਵਨ ਦਾ ਪ੍ਰਤੀਬਿੰਬ ਹੀ ਨਹੀਂ ਹੁੰਦਾ ਸਗੋਂ ਸਮਾਜੀ ਕਾਇਆ ਕਲਪ ਵਿਚ ਵੀ ਇਕ ਅਹਿਮ ਰੋਲ ਅਦਾ ਕਰਦਾ ਹੈ। ਇਸ ਰੋਲ ਦੀ ਪਛਾਣ ਕਰਨੀ ਬਹੁਤ ਜ਼ਰੂਰੀ ਹੁੰਦਾ ਹੈ। ਜੇਕਰ ਰੋਲ ਦੀ ਪਛਾਣ ਨਾ ਕੀਤੀ ਜਾਵੇ ਤਾਂ ਚੰਗਾ ਸਾਹਿਤ ਬਿਹਤਰ ਹੋ ਕੇ ਵੀ ਅਣਗੌਲਿਆ ਰਹਿ ਜਾਂਦਾ ਹੈ।'*[1]

ਮਨੁੱਖ ਨੂੰ ਇਸ ਬ੍ਰਹਿਮੰਡੀ ਅਤੇ ਸਮਾਜਿਕ ਸੰਸਾਰ ਵਿਚ ਵਿਚਰਦਿਆਂ ਕਈ ਤਰ੍ਹਾਂ ਦੇ ਅੰਤਰਮੁਖੀ ਅਤੇ ਬਾਹਰਮੁਖੀ ਅਨੁਭਵ ਹੁੰਦੇ ਹਨ। ਇਹਨਾਂ ਅਨੁਭਵਾਂ, ਵੇਦਨਾਵਾਂ ਅਤੇ ਜੀਵਨ-ਘਟਨਾਵਾਂ ਨੂੰ ਇਕ ਕਲਾਤਮਕ ਲਿਖਤ ਵਿਚ ਬੰਨ੍ਹਣਾ ਹੀ ਸੱਚੇ ਸਾਹਿਤ ਦੀ ਉਪਜ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਜਦੋਂ ਅਸੀਂ ਅਜੋਕੇ ਯੁੱਗ ਦੀਆਂ ਗੁੰਝਲਦਾਰ ਪਰਸਥਿਤੀਆਂ ਅਤੇ ਮਨੁੱਖੀ ਮਨ ਦੀਆਂ ਡੂੰਘੀਆਂ, ਅਛੂਤੀਆਂ ਪਰਤਾਂ ਨੂੰ ਫਰੋਲਣ ਵਾਲੇ ਸ਼ਾਇਰਾਂ ਦੀ ਗੱਲ ਕਰਦੇ ਹਾਂ, ਤਾਂ ਦਰਸ਼ਨ ਬੁੱਟਰ ਉਹਨਾਂ ਗਿਣੇ-ਚੁਣੇ ਕਵੀਆਂ ਵਿਚੋਂ ਹਨ ਜੋ ਕਵਿਤਾ ਲਈ ਕਿਤਾਬ ਲਿਖਦੇ ਹਨ, ਭਾਵ ਉਹਨਾਂ ਦੀ ਕਵਿਤਾ ਕੋਈ ਅਚਾਨਕ ਉੱਬਲਿਆ ਜਜ਼ਬਾ ਨਹੀਂ, ਬਲਕਿ ਇੱਕ ਲੰਬੀ ਸਾਧਨਾ ਅਤੇ ਚਿੰਤਨ ਦਾ ਸਿੱਟਾ ਹੁੰਦੀ ਹੈ।

ਦਰਸ਼ਨ ਬੁੱਟਰ ਦੀ ਕਾਵਿ-ਦ੍ਰਿਸ਼ਟੀ ਜ਼ਿੰਦਗੀ ਦੇ ਬਹੁਪੱਖਾਂ, ਵਰਤਮਾਨ ਮਨੁੱਖ ਦੀਆਂ ਆਤਮਿਕ ਮੁਸ਼ਕਲਾਂ ਅਤੇ ਅਜੋਕੇ ਉੱਤਰ-ਆਧੁਨਿਕ ਦੌਰ ਵਿਚ ਮਨੁੱਖੀ ਹੋਂਦ ਦੇ ਸਨਮੁਖ ਖ਼ਤਰਿਆਂ ਦੀ ਬੜੀ ਬਾਰੀਕੀ ਨਾਲ ਵਿਆਖਿਆ, ਵਿਸ਼ਲੇਸ਼ਣ ਅਤੇ ਮੁਲਾਂਕਣ ਕਰਦੀ ਹੈ। ਉਹ ਪਾਠਕ ਦੇ ਸਾਹਮਣੇ ਅਜਿਹੇ ਗੰਭੀਰ ਹੋਂਦਮੂਲਕ ਸਵਾਲ ਖੜ੍ਹੇ ਕਰਦੇ ਹਨ ਜੋ ਪਾਠਕ ਨੂੰ ਅੰਦਰੋਂ ਹਲੂਣ ਦਿੰਦੇ ਹਨ। ਉਹਨਾਂ ਦੀ ਕਵਿਤਾ ਵਿਚ ਮੌਜੂਦ 'ਪ੍ਰਤੀਧੁਨੀਆਂ' ਇਕ ਅਜਿਹਾ ਸੁਹਜਾਤਮਕ ਤੱਤ ਹਨ ਜੋ ਪਾਠਕ ਦੇ ਮਨ 'ਤੇ ਇਕ ਸਥਾਈ ਅਤੇ ਲੰਮੇਰਾ ਪ੍ਰਭਾਵ ਛੱਡਦੀਆਂ ਹਨ। ਉਹ ਸ਼ਬਦਾਂ ਦੇ ਬੇਲੋੜੇ ਆਡੰਬਰ ਜਾਂ ਭਾਸ਼ਾਈ ਖਿਲਾਰੇ ਦੀ ਬਜਾਏ, ਬਹੁਤ ਹੀ ਘੱਟ ਅਤੇ ਸੂਖਮ ਲਫ਼ਜ਼ਾਂ ਰਾਹੀਂ ਜੀਵਨ ਅਨੁਭਵ ਨੂੰ ਉੱਚ-ਕਲਪਨਾ, ਢੁਕਵੇਂ ਬਿੰਬਾਂ ਅਤੇ ਪ੍ਰਤੀਕਾਂ ਨਾਲ ਸ਼ਿੰਗਾਰ ਕੇ ਪੇਸ਼ ਕਰਦੇ ਹਨ।

ਉਹਨਾਂ ਦੀ ਕਵਿਤਾ ਕੇਵਲ ਇੱਕ ਤਤਕਾਲੀਨ ਸਮਾਜਿਕ ਪ੍ਰਤੀਕਿਰਿਆ ਨਹੀਂ ਹੈ, ਸਗੋਂ ਇਸ ਦੇ ਅੰਦਰ ਇਤਿਹਾਸ, ਮਿਥਿਹਾਸ, ਮਾਨਵੀ ਰਿਸ਼ਤਿਆਂ ਦੇ ਬਦਲਦੇ ਸਰੂਪਾਂ, ਸਮਾਜਿਕ ਸੰਕਟਾਂ, ਨਾਰੀਵਾਦੀ ਸੁਰਾਂ ਅਤੇ ਵਿਸ਼ਵੀਕਰਨ ਦੇ ਘਾਤਕ ਪ੍ਰਭਾਵਾਂ ਦੀਆਂ ਅਨੇਕਾਂ ਸਮਾਨਾਂਤਰ ਪ੍ਰਤੀਧੁਨੀਆਂ ਵਿਦਮਾਨ ਹਨ। 'ਖੜਾਵਾਂ', 'ਦਰਦ ਮਜੀਠੀ' ਅਤੇ 'ਮਰਾਂਕੰਬਣੀ' ਵਰਗੇ ਕਾਵਿ-ਸੰਗ੍ਰਹਿਆਂ ਰਾਹੀਂ ਬੁੱਟਰ ਨੇ ਪੰਜਾਬੀ ਕਵਿਤਾ ਨੂੰ ਇਕ ਨਵਾਂ ਸੁਹਜ-ਸ਼ਾਸਤਰ ਅਤੇ ਚਿੰਤਨ ਪ੍ਰਦਾਨ ਕੀਤਾ ਹੈ। ਇਸ ਅਧਿਐਨ ਦਾ ਮੁੱਖ ਮਨੋਰਥ ਬੁੱਟਰ ਦੀ ਸ਼ਾਇਰੀ ਵਿਚਲੇ ਇਹਨਾਂ ਵੱਖ-ਵੱਖ ਆਯਾਮਾਂ, ਵਿਸ਼ਾਗਤ ਪਰਤਾਂ ਅਤੇ ਉਹਨਾਂ ਵਿਚੋਂ ਉੱਭਰਦੀਆਂ ਬਹੁ-ਪਰਤੀ ਪ੍ਰਤੀਧੁਨੀਆਂ ਦਾ ਗੰਭੀਰਤਾ, ਪ੍ਰਮਾਣਿਕਤਾ ਅਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਅਧਿਐਨ ਅਤੇ ਮੁਲਾਂਕਣ ਕਰਨਾ ਹੈ।

## ਪ੍ਰਤੀਧੁਨੀਆਂ ਦਾ ਸਿਧਾਂਤਕ ਸੰਕਲਪ

ਕਵਿਤਾ ਜਾਂ ਸਾਹਿਤ ਦੇ ਸੰਦਰਭ ਵਿਚ ਪ੍ਰਤੀਧੁਨੀ ਕੋਈ ਸਧਾਰਨ ਭੌਤਿਕ ਆਵਾਜ਼ ਦਾ ਟਕਰਾ ਕੇ ਵਾਪਸ ਆਉਣਾ ਮਾਤਰ ਨਹੀਂ ਹੈ। ਕਾਵਿ-ਸ਼ਾਸਤਰ ਦੇ ਵਿਸਤ੍ਰਿਤ ਸੰਦਰਭ ਵਿਚ 'ਪ੍ਰਤੀਧੁਨੀ' ਤੋਂ ਭਾਵ ਅਜਿਹੇ ਕਾਵਿਕ ਅੰਸ਼ਾਂ, ਗੁਪਤ ਸੁਰਾਂ, ਅੰਤਰ-ਪਾਠਾਤਮਕ ਸੰਕੇਤਾਂ ਅਤੇ ਧੁਨੀਆਂ ਤੋਂ ਹੈ ਜੋ ਕਵਿਤਾ ਦੀਆਂ ਸਤਰਾਂ ਦੇ ਪਿੱਛੇ ਇਕ ਰਹੱਸਮਈ ਗੂੰਜ ਵਾਂਗ ਕਾਰਜਸ਼ੀਲ ਹੁੰਦੀਆਂ ਹਨ। ਇਹ ਸਿੱਧੇ ਰੂਪ ਵਿਚ ਬਿਆਨ ਨਾ ਹੋ ਕੇ ਪਾਠਕ ਦੇ ਅਵਚੇਤਨ ਵਿਚ ਇਕ ਖ਼ਾਸ ਕਿਸਮ ਦਾ ਗੂੰਜ-ਪ੍ਰਭਾਵ ਛੱਡਦੀਆਂ ਹਨ।

ਭਾਰਤੀ ਕਾਵਿ-ਸ਼ਾਸਤਰ ਦੇ ਪ੍ਰਸਿੱਧ 'ਧੁਨੀ ਸਿਧਾਂਤ' (ਧੁਨਯਾਲੋਕ ਦੇ ਰਚੇਤਾ ਆਚਾਰੀਆ ਅਨੰਦਵਰਧਨ) ਅਤੇ 'ਵਕਰੋਕਤੀ ਸਿਧਾਂਤ' (ਆਚਾਰੀਆ ਕੁੰਤਕ) ਨਾਲ ਇਹ ਸੰਕਲਪ ਬਹੁਤ ਡੂੰਘੀ ਤਰ੍ਹਾਂ ਮੇਲ ਖਾਂਦਾ ਹੈ। ਧੁਨੀ ਸਿਧਾਂਤ ਅਨੁਸਾਰ ਕਵਿਤਾ ਦਾ ਅਸਲ ਸੁਆਦ ਜਾਂ ਅਰਥ ਉਸ ਦੇ ਵਾਚਾਰਥ (ਸਾਹਿਤਕ ਅਰਥ) ਵਿਚ ਨਹੀਂ, ਸਗੋਂ ਉਸ ਦੇ ਵਿਅੰਗਾਰਥ ਜਾਂ ਧੁਨਿਆਰਥ (ਪ੍ਰਸਤਾਵਿਤ ਅਰਥ) ਵਿਚ ਹੁੰਦਾ ਹੈ। ਕਵੀ ਸ਼ਬਦਾਂ ਦੁਆਰਾ ਉਹ ਕਰ ਵਿਖਾਉਣ ਦੀ ਕਲਾ ਦੀ ਸਿਰਜਣਾ ਕਰਦਾ ਹੈ ਜੋ ਚਿੱਤਰਕਾਰ ਰੰਗਾਂ ਦੁਆਰਾ ਕਰਦਾ ਹੈ। ਜਿੱਥੇ ਕਵੀ ਜੋ ਕੁਝ ਸ਼ਬਦਾਂ ਰਾਹੀਂ ਕਹਿੰਦਾ ਹੈ, ਪਾਠਕ ਉਸ ਦੀ ਗੁਪਤ ਗੂੰਜ ਰਾਹੀਂ ਉਸ ਤੋਂ ਕਿਤੇ ਵੱਧ ਅਨੁਭਵ ਕਰਦਾ ਹੈ। ਪੱਛਮੀ ਸਾਹਿਤ ਚਿੰਤਨ ਵਿਚ ਟੀ.ਐਸ. ਈਲੀਅਟ ਦਾ 'ਪਰੰਪਰਾ ਅਤੇ ਨਿੱਜੀ ਪ੍ਰਤਿਭਾ' ਦਾ ਸਿਧਾਂਤ ਵੀ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਕਵੀ ਦੀ ਆਵਾਜ਼ ਵਿਚ ਅਤੀਤ ਦੀਆਂ ਮਹਾਨ ਆਵਾਜ਼ਾਂ ਗੂੰਜਦੀਆਂ ਹਨ।

ਦਰਸ਼ਨ ਬੁੱਟਰ ਦੀ ਕਵਿਤਾ ਵਿਚ ਇਹ ਪ੍ਰਤੀਧੁਨੀਆਂ ਬਹੁਤ ਹੀ ਸਹਿਜ, ਸੂਖਮ ਅਤੇ ਕਲਾਤਮਕ ਰੂਪ ਵਿਚ ਕਾਰਜਸ਼ੀਲ ਹਨ। ਇਹ ਪ੍ਰਤੀਧੁਨੀਆਂ ਕਵੀ ਦੇ ਬਿਲਕੁਲ ਨਿੱਜੀ, ਹੱਡ-ਬੀਤੇ ਅਨੁਭਵ ਤੋਂ ਸ਼ੁਰੂ ਹੋ ਕੇ ਸਮੂਹਿਕ ਅਵਚੇਤਨ ਤੱਕ ਫੈਲੀਆਂ ਹੋਈਆਂ ਹਨ। ਉਹਨਾਂ ਦੀ ਸ਼ਾਇਰੀ ਵਿਚਲਾ ਸਵੈ-ਪ੍ਰਗਟਾਵਾ ਕੇਵਲ ਉਹਨਾਂ ਦਾ ਆਪਣਾ ਨਿੱਜੀ ਰੁਦਨ, ਨਿੱਜੀ ਵੇਦਨਾ ਜਾਂ ਵਿਅਕਤੀਗਤ ਡਾਇਰੀ ਨਹੀਂ ਹੈ, ਸਗੋਂ ਉਹ ਸਮੁੱਚੀ ਮਾਨਵਤਾ ਦੇ ਸਾਂਝੇ ਦਰਦ, ਸਮਾਜਿਕ ਪੀੜ ਅਤੇ ਆਧੁਨਿਕ ਅਸਤਿਤਵਵਾਦੀ ਸੰਕਟ ਦੀ ਇੱਕ ਮਹਾਂ-ਪ੍ਰਤੀਧੁਨੀ ਬਣ ਜਾਂਦਾ ਹੈ। *'ਉਸ ਦੀਆਂ ਬਹੁਤੀਆਂ ਕਵਿਤਾਵਾਂ ਮੈਂ ਦਾ ਤੂੰ ਨਾਲ ਸੰਵਾਦ ਹਨ।'*[2] ਕਵੀ ਜਦੋਂ ਵਰਤਮਾਨ ਸਮੇਂ ਦੀਆਂ ਮਸ਼ੀਨੀ, ਉਦਯੋਗਿਕ ਅਤੇ ਪੂੰਜੀਵਾਦੀ ਨੀਤੀਆਂ ਤੋਂ ਪੈਦਾ ਹੋਏ ਮਨੁੱਖੀ ਅਲਗਾਵ ਨੂੰ ਚਿਤਰਦਾ ਹੈ, ਤਾਂ ਉਸ ਦੇ ਪਿੱਛੇ ਗੁਆਚ ਚੁੱਕੇ ਪਵਿੱਤਰ ਮਾਨਵੀ ਰਿਸ਼ਤਿਆਂ, ਨਿਰਛਲ ਬਚਪਨ ਅਤੇ ਸਾਂਝੀਵਾਲਤਾ ਵਾਲੇ ਅਤੀਤ ਦੀ ਪ੍ਰਤੀਧੁਨੀ ਬਹੁਤ ਸਪੱਸ਼ਟ ਰੂਪ ਵਿਚ ਸੁਣਾਈ ਦਿੰਦੀ ਹੈ। ਮੁੱਖ ਰੂਪ ਵਿਚ ਦਰਸ਼ਨ ਬੁੱਟਰ ਦੀਆਂ ਕਵਿਤਾਵਾਂ ਵਿਚ ਇਹ ਪ੍ਰਤੀਧੁਨੀਆਂ ਹੇਠ ਲਿਖੇ ਚਾਰ ਪ੍ਰਮੁੱਖ ਪੱਧਰਾਂ 'ਤੇ ਕਾਰਜਸ਼ੀਲ ਨਜ਼ਰ ਆਉਂਦੀਆਂ ਹਨ:

- **ਸੱਭਿਆਚਾਰਕ ਅਤੇ ਇਤਿਹਾਸਕ ਪ੍ਰਤੀਧੁਨੀਆਂ:** ਜਿੱਥੇ ਅਤੀਤ ਦੀਆਂ ਮਹਾਨ ਘਟਨਾਵਾਂ, ਬਿਰਤਾਂਤ ਅਤੇ ਨਾਇਕ ਵਰਤਮਾਨ ਕਾਲ ਦੇ ਮਨੁੱਖੀ ਦਰਦ, ਰਾਜਨੀਤਕ ਭ੍ਰਿਸ਼ਟਾਚਾਰ ਅਤੇ ਸੱਭਿਆਚਾਰਕ ਪਤਨ ਨੂੰ ਉਘਾੜਨ ਲਈ ਪਿੱਛੇ ਇਕ ਗੂੰਜ ਵਾਂਗ ਖੜ੍ਹਦੇ ਹਨ।
- **ਅਸਤਿਤਵਵਾਦੀ ਅਤੇ ਗਲੋਬਲੀ ਪ੍ਰਤੀਧੁਨੀਆਂ**: ਜੋ ਅੰਨ੍ਹੇ ਪੂੰਜੀਵਾਦ, ਉੱਤਰ-ਆਧੁਨਿਕਤਾ ਅਤੇ ਵਿਸ਼ਵੀਕਰਨ ਦੇ ਕਾਰਨ ਆਮ ਮਨੁੱਖੀ ਹੋਂਦ ਦੇ ਗੁਆਚਣ, ਪਛਾਣ ਦੇ ਸੰਕਟ ਅਤੇ ਮਨੁੱਖ ਦੇ ਮਸ਼ੀਨ ਬਣ ਜਾਣ ਦੇ ਡਰ ਨੂੰ ਪੇਸ਼ ਕਰਦੀਆਂ ਹਨ।
- **ਮਾਨਵੀ ਰਿਸ਼ਤਿਆਂ ਦੀਆਂ ਪ੍ਰਤੀਧੁਨੀਆਂ:** ਜੋ ਖ਼ੂਨ ਦੇ ਰਿਸ਼ਤਿਆਂ ਵਿਚ ਆਏ ਖੋਖਲੇਪਣ, ਨਿੱਜੀ ਸਵਾਰਥ, ਵਪਾਰੀਕਰਨ ਅਤੇ 'ਘਰ' ਦੇ ਸੰਕਲਪ ਤੋਂ ਟੁੱਟ ਕੇ ਪੈਦਾ ਹੋਈ ਅਲਗਾਵ ਦੀ ਤ੍ਰਾਸਦੀ ਨੂੰ ਉਜਾਗਰ ਕਰਦੀਆਂ ਹਨ।
- **ਨਾਰੀ ਚੇਤਨਾ ਅਤੇ ਪ੍ਰਕਿਰਤੀਵਾਦੀ ਪ੍ਰਤੀਧੁਨੀਆਂ:** ਜੋ ਪਿੱਤਰ-ਸੱਤਾਤਮਕ ਸਮਾਜ ਵਿਚ ਔਰਤ ਦੇ ਸਦੀਆਂ ਪੁਰਾਣੇ ਸ਼ੋਸ਼ਣ ਅਤੇ ਮਨੁੱਖ ਦੁਆਰਾ ਕੁਦਰਤ ਦੇ ਕੀਤੇ ਜਾ ਰਹੇ ਵਿਨਾਸ਼ ਦੇ ਵਿਰੁੱਧ ਇਕ ਚੇਤਾਵਨੀ ਵਜੋਂ

ਗੂੰਜਦੀਆਂ ਹਨ।

**ਅਤੀਤ, ਮਿਥਿਹਾਸ ਅਤੇ ਪਰੰਪਰਾ**

ਦਰਸ਼ਨ ਬੁੱਟਰ ਦੀ ਕਵਿਤਾ ਦਾ ਇਕ ਬਹੁਤ ਵੱਡਾ ਅਤੇ ਮੌਲਿਕ ਹਿੱਸਾ ਅਤੀਤ, ਪਰੰਪਰਾ ਅਤੇ ਮਿਥਿਹਾਸ ਦੇ ਗੂੜ੍ਹੇ ਸਬੰਧਾਂ ਵਿਚੋਂ ਪੈਦਾ ਹੁੰਦਾ ਹੈ। ਬੁੱਟਰ ਅਤੀਤਮੁਖੀ ਕਵੀ ਨਹੀਂ ਹਨ ਜੋ ਕੇਵਲ ਭੂਤਕਾਲ ਦਾ ਰੋਣਾ ਰੋਂਦੇ ਹੋਣ, ਬਲਕਿ ਉਹ ਅਤੀਤ ਅਤੇ ਵਰਤਮਾਨ ਦੇ ਵਿਚਕਾਰਲੇ ਪਾੜੇ ਨੂੰ ਭਰਨ ਦਾ ਸਾਰਥਕ ਯਤਨ ਕਰਦੇ ਹਨ। ਉਹ ਇਤਿਹਾਸ ਅਤੇ ਮਿਥਿਹਾਸ ਦੇ ਹਵਾਲਿਆਂ ਨੂੰ ਅਜੋਕੇ ਯੁੱਗ ਦੇ ਸੰਦਰਭ ਵਿਚ ਰੱਖ ਕੇ, ਉਹਨਾਂ ਨੂੰ ਇਕ ਨਵਾਂ ਅਧਿਆਤਮਕ ਅਤੇ ਮਾਨਵਵਾਦੀ ਰੰਗ ਦੇ ਕੇ ਕਿਸੇ ਵੀ ਤਰੀਕੇ ਨਾਲ ਮਨੁੱਖ ਦੇ 'ਮਨੁੱਖ ਬਣੇ ਰਹਿਣ' ਦੀ ਆਸ ਦਾ ਪੱਲਾ ਨਹੀਂ ਛੱਡਦੇ। ਉਹਨਾਂ ਦਾ ਕਾਵਿ ਸੰਗ੍ਰਹਿ 'ਖੜਾਵਾਂ' ਇਸ ਦ੍ਰਿਸ਼ਟੀਕੋਣ ਦੀ ਸਭ ਤੋਂ ਬਿਹਤਰੀਨ ਮਿਸਾਲ ਹੈ। ਭਾਰਤੀ ਸੰਸਕ੍ਰਿਤੀ ਅਤੇ ਲੋਕ-ਚੇਤਨਾ ਵਿਚ 'ਖੜਾਵਾਂ' ਕੇਵਲ ਪੈਰਾਂ ਵਿਚ ਪਾਉਣ ਵਾਲੀ ਵਸਤੂ ਨਹੀਂ ਹਨ, ਬਲਕਿ ਇਹ ਤਿਆਗ, ਸਮਾਧੀ, ਉੱਚ-ਆਚਰਨ, ਆਸਥਾ, ਵਿਸ਼ਵਾਸ ਅਤੇ ਉਸਾਰੂ ਪਰੰਪਰਿਕ ਮੁੱਲਾਂ ਦਾ ਪਵਿੱਤਰ ਪ੍ਰਤੀਕ ਹਨ (ਜਿਵੇਂ ਰਾਮਾਇਣ ਵਿਚ ਭਰਤ ਦੁਆਰਾ ਰਾਮ ਦੀਆਂ ਖੜਾਵਾਂ ਨੂੰ ਸਿੰਘਾਸਨ 'ਤੇ ਰੱਖਣਾ)। ਬੁੱਟਰ ਜਦੋਂ ਇਸ ਪ੍ਰਤੀਕ ਦੀ ਵਰਤੋਂ ਆਧੁਨਿਕ ਕਵਿਤਾ ਵਿਚ ਕਰਦੇ ਹਨ, ਤਾਂ ਆਧੁਨਿਕ ਮਨੁੱਖ ਦੇ ਭਟਕੇ ਹੋਏ, ਅਸੁਰੱਖਿਅਤ ਅਤੇ ਉਪਭੋਗਤਾਵਾਦੀ ਅਸਤਿਤਵ ਦੇ ਸਨਮੁਖ ਇਕ ਆਤਮਿਕ ਸ਼ਾਂਤੀ, ਨੈਤਿਕ ਦ੍ਰਿੜ੍ਹਤਾ ਅਤੇ ਸੁਤੰਤਰਤਾ ਦੀ ਪ੍ਰਤੀਧੁਨੀ ਪੈਦਾ ਹੁੰਦੀ ਹੈ। ਇਹ ਖੜਾਵਾਂ ਮਨੁੱਖ ਨੂੰ ਗੁਲਾਮੀ ਅਤੇ ਮਾਨਸਿਕ ਅੰਨ੍ਹੇਪਨ ਤੋਂ ਨਿਜ਼ਾਤ ਪਾਉਣ ਦਾ ਰਾਹ ਦਿਖਾਉਂਦੀਆਂ ਹਨ।

ਬੁੱਟਰ ਦੀ ਕਲਾਤਮਕ ਵਿਲੱਖਣਤਾ ਇਹ ਹੈ ਕਿ ਉਹ ਇਤਿਹਾਸਕ ਅਤੇ ਮਿਥਿਹਾਸਕ ਨਾਇਕਾਂ ਜਾਂ ਪਾਤਰਾਂ ਨੂੰ ਉਹਨਾਂ ਦੇ ਰੂੜ੍ਹ ਅਰਥਾਂ ਵਿਚ ਪੇਸ਼ ਨਹੀਂ ਕਰਦੇ, ਸਗੋਂ ਉਹਨਾਂ ਨੂੰ ਸਮਕਾਲੀ ਯੁੱਗ ਦੇ ਹਿਸਾਬ ਨਾਲ ਬਿਲਕੁਲ ਨਵੇਂ ਅਰਥ ਪ੍ਰਦਾਨ ਕਰਦੇ ਹਨ। ਉਦਾਹਰਣ ਵਜੋਂ, ਮਹਾਭਾਰਤ ਦੇ ਸੰਦਰਭ ਵਿਚ ਉਹਨਾਂ ਦੀਆਂ ਇਹ ਕਾਵਿ-ਸਤਰਾਂ ਦੇਖੀਆਂ ਜਾ ਸਕਦੀਆਂ ਹਨ:

*ਹੁਣ ਮੈਂ ਅਰਜਨ ਤੀਰ ਨਹੀਂ*
*ਏਕਲਵਿਆ ਦਾ ਕੱਟਿਆ*
*ਅੰਗੂਠਾ ਵੀ ਹਾਂ*
*ਹੁਣ ਮੈਂ*
*ਮਥਰਾ ਦੀ ਲੀਲ੍ਹਾ ਨਹੀਂ*
*ਕੁਰਕਸ਼ੇਤਰ ਦਾ*
*ਦਵੰਦ ਵੀ ਹਾਂ (ਦਰਦ ਮਜੀਠੀ, ਪੰਨਾ-20)*

ਇਹਨਾਂ ਸਤਰਾਂ ਦੀ ਸਿਧਾਂਤਕ ਪਰਤ ਬਹੁਤ ਡੂੰਘੀ ਹੈ। ਇੱਥੇ ਕਵੀ ਕੇਵਲ ਪੁਰਾਤਨ ਮਿਥਿਹਾਸਕ ਕਹਾਣੀ ਦਾ ਬਿਆਨ ਨਹੀਂ ਕਰ ਰਿਹਾ, ਸਗੋਂ ਇਸ ਦੇ ਅੰਦਰ ਸਮਕਾਲੀ ਦੌਰ ਵਿਚ ਹਾਸ਼ੀਏ 'ਤੇ ਧੱਕੇ ਹੋਏ, ਦਲਿਤ, ਸ਼ੋਸ਼ਿਤ, ਗਰੀਬ ਅਤੇ ਰਾਜਨੀਤਕ ਤੇ ਸੱਭਿਆਚਾਰਕ ਤੌਰ 'ਤੇ ਲਿਤਾੜੇ ਹੋਏ ਆਮ ਮਨੁੱਖ ਦੀ ਪੀੜ ਦੀ ਪ੍ਰਤੀਧੁਨੀ ਬਹੁਤ ਸ਼ਕਤੀਸ਼ਾਲੀ ਰੂਪ ਵਿਚ ਗੂੰਜਦੀ ਹੈ। ਅਰਜਨ ਜਿੱਥੇ ਸੱਤਾ, ਪ੍ਰਤਿਸ਼ਠਾ ਅਤੇ ਮੁੱਖ-ਧਾਰਾ ਦੇ ਜੇਤੂ ਨਾਇਕ ਦਾ ਪ੍ਰਤੀਕ ਹੈ, ਉੱਥੇ ਏਕਲਵਿਆ ਉਸ ਹੁਨਰਮੰਦ ਪਰ ਹਾਸ਼ੀਆਗਤ ਵਰਗ ਦਾ ਪ੍ਰਤੀਕ ਹੈ ਜਿਸ ਦਾ ਸਦੀਆਂ ਤੋਂ ਸ਼ੋਸ਼ਣ ਹੁੰਦਾ ਆਇਆ ਹੈ। ਕਵੀ ਇਸ ਸਦੀਆਂ ਪੁਰਾਣੀ ਵਿਵਸਥਾ ਰਾਹੀਂ ਅਜੋਕੇ ਯੁੱਗ ਦੇ ਸਮਾਜਿਕ, ਆਰਥਿਕ ਅਤੇ ਰਾਜਨੀਤਕ ਅਨਿਆਂ ਦੇ ਖ਼ਿਲਾਫ਼ ਇਕ ਬੇਹੱਦ ਸੂਖਮ ਪਰ ਤਿੱਖੀ ਆਵਾਜ਼ ਬੁਲੰਦ ਕਰਦਾ ਹੈ।

ਬੁੱਟਰ ਅਤੀਤ ਦੀਆਂ ਕਦਰਾਂ-ਕੀਮਤਾਂ ਦੀ ਗੂੰਜ ਰਾਹੀਂ ਵਰਤਮਾਨ ਦੇ ਖੋਖਲੇਪਨ 'ਤੇ ਕਰਾਰੀ ਸੱਟ ਮਾਰਦੇ ਹਨ। ਉਹਨਾਂ ਦੀ ਕਵਿਤਾ ਇਹ ਸਿੱਧ ਕਰਦੀ ਹੈ ਕਿ ਜਦੋਂ ਤੱਕ ਅਸੀਂ ਆਪਣੀਆਂ ਸੱਭਿਆਚਾਰਕ ਜੜ੍ਹਾਂ ਅਤੇ ਇਤਿਹਾਸਕ ਚੇਤਨਾ ਦੀ ਪ੍ਰਤੀਧੁਨੀ ਨੂੰ ਆਪਣੇ ਅੰਦਰ ਜਿਉਂਦਾ ਨਹੀਂ ਰੱਖਦੇ, ਉਦੋਂ ਤੱਕ ਅਸੀਂ ਇਕ ਸਾਰਥਕ ਸਮਾਜ ਦਾ ਨਿਰਮਾਣ ਨਹੀਂ ਕਰ ਸਕਦੇ।

**ਸਮਾਜਿਕ ਦਰਦ, ਰਿਸ਼ਤਿਆਂ ਵਿਚਲਾ ਨਿਘਾਰ**

ਦਰਸ਼ਨ ਬੁੱਟਰ ਦਾ ਕਾਵਿ-ਸੰਗ੍ਰਹਿ 'ਦਰਦ ਮਜੀਠੀ' ਵਿਚ ਬੁੱਟਰ ਨੇ ਅਜੋਕੇ ਦੌਰ ਦੇ ਖੰਡਿਤ ਸੰਵੇਦਨਾ ਵਾਲੇ ਆਧੁਨਿਕ ਮਨੁੱਖ ਦਾ ਬਹੁਤ ਹੀ ਮਾਰਮਿਕ ਚਿਤਰਨ ਉਲੀਕਿਆ ਹੈ। *'ਕਵਿਤਾ ਮਨੁੱਖ ਦਾ ਤੀਜਾ ਨੇਤਰ ਹੈ ਜੋ ਸੂਖਮ ਅਤੇ ਸਹਿਜ ਸਮਝੇ ਜਾਣ ਵਾਲੇ ਵਰਤਾਰਿਆਂ ਪਿੱਛੇ ਲੁਕੇ ਡੂੰਘੇ ਸੰਕਟਾਂ ਨੂੰ ਅਸਾਨੀ ਨਾਲ ਸਮਝ ਲੈਂਦਾ ਹੈ।'* [3] ਪੂੰਜੀਵਾਦ ਅਤੇ ਨਵ-ਪੂੰਜੀਵਾਦ ਦੇ ਤੇਜ਼ੀ ਨਾਲ ਹੋਏ ਉਭਾਰ ਨੇ ਸਾਡੇ ਪਰੰਪਰਾਗਤ ਸਮਾਜਿਕ ਤਾਣੇ-ਬਾਣੇ ਨੂੰ ਬੁਰੀ ਤਰ੍ਹਾਂ ਤੋੜ ਦਿੱਤਾ ਹੈ। ਇਸ ਬਾਜ਼ਾਰੂ ਸੰਸਕ੍ਰਿਤੀ ਪ੍ਰਤੀ ਕਵੀ ਦੀ ਅਸਵਿਕ੍ਰਤੀ ਅਤੇ ਵਿਦਰੋਹ ਉਹਨਾਂ ਦੀਆਂ ਕਵਿਤਾਵਾਂ ਵਿਚ ਪ੍ਰਤੱਖ ਨਜ਼ਰ ਆਉਂਦੀ ਹੈ।

ਅਜੋਕੇ ਸਮਾਜ ਦੀ ਸਭ ਤੋਂ ਵੱਡੀ ਤ੍ਰਾਸਦੀ ਇਹ ਹੈ ਕਿ ਮਨੁੱਖੀ ਰਿਸ਼ਤਿਆਂ ਵਿਚੋਂ ਨਿੱਘ, ਨਿਰਛਲਤਾ ਅਤੇ ਆਤਮਿਕ ਸਾਂਝ ਖ਼ਤਮ ਹੋ ਗਈ ਹੈ ਅਤੇ ਉਸ ਦੀ ਜਗ੍ਹਾ ਖੋਖਲੇਪਣ, ਦਿਖਾਵੇ, ਉਪਭੋਗਤਾਵਾਦ ਅਤੇ ਨਿੱਜੀ ਸਵਾਰਥ ਨੇ ਲੈ ਲਈ ਹੈ। ਅੱਜ ਰਿਸ਼ਤੇ ਜਜ਼ਬਾਤੀ ਸਾਂਝ 'ਤੇ ਨਹੀਂ, ਬਲਕਿ ਆਰਥਿਕ ਲਾਹੇ-ਨੁਕਸਾਨ ਦੇ ਪੈਮਾਨਿਆਂ 'ਤੇ ਤੈਅ ਹੁੰਦੇ ਹਨ। ਬੁੱਟਰ ਇਸ ਨਿਘਾਰ ਨੂੰ ਬਹੁਤ ਹੀ ਸੰਜਮ ਭਰੀ ਭਾਸ਼ਾ ਵਿਚ ਇਸ ਤਰ੍ਹਾਂ ਪੇਸ਼ ਕਰਦੇ ਹਨ:

*ਖੈਰ ਸੁੱਖ ਸਾਂਦ ਪੁੱਛਣ ਨਾਲ ਜ਼ਖਮ ਰਾਜ਼ੀ*
*ਤਾਂ ਨਹੀਂ ਹੁੰਦੇ*
*ਥੋੜੀ ਬਹੁਤੀ ਹਮਦਰਦੀ ਅੱਖਾਂ 'ਚ ਭਰ ਕੇ*
*ਤੇਰੀ ਮੁਲਾਕਾਤ ਲਈ ਜ਼ਰੂਰ ਆਵਾਂਗੇ। (ਖੜਾਵਾਂ, ਪੰਨਾ-74)*

ਇਹਨਾਂ ਸਤਰਾਂ ਦੇ ਪਿੱਛੇ ਜੋ ਪ੍ਰਤੀਧੁਨੀ ਕੰਮ ਕਰ ਰਹੀ ਹੈ, ਉਹ ਆਧੁਨਿਕ ਮਨੁੱਖੀ ਰਿਸ਼ਤਿਆਂ ਦੀ ਕੌੜੀ ਹਕੀਕਤ ਨੂੰ ਬੇਪਰਦ ਕਰਦੀ ਹੈ। ਇਹ ਪ੍ਰਤੀਧੁਨੀ ਦੱਸਦੀ ਹੈ ਕਿ ਆਧੁਨਿਕ ਮਨੁੱਖ ਕੋਲ ਹੁਣ ਦੂਜੇ ਦੇ ਦਰਦ ਨੂੰ ਸੱਚਮੁੱਚ ਮਹਿਸੂਸ ਕਰਨ ਲਈ ਕੋਈ ਆਤਮਿਕ ਡੂੰਘਾਈ ਨਹੀਂ ਬਚੀ, ਸਗੋਂ ਕੇਵਲ ਇਕ ਰਸਮੀ, ਉੱਪਰਲਾ ਅਤੇ ਸਮਾਜਿਕ ਵਿਖਾਵਾ ਰਹਿ ਗਿਆ ਹੈ। ਮੁਲਾਕਾਤਾਂ ਹੁਣ ਦਿਲਾਂ ਦੇ ਮਿਲਣ ਦਾ ਸਾਧਨ ਨਹੀਂ, ਬਲਕਿ ਇਕ ਸਮਾਜਿਕ ਮਜਬੂਰੀ ਜਾਂ ਰਸਮ ਬਣ ਕੇ ਰਹਿ ਗਈਆਂ ਹਨ। ਕਵੀ ਅਜਿਹੇ ਦੌਰ ਵਿਚ ਸੱਚੇ-ਸੁੱਚੇ ਰਿਸ਼ਤਿਆਂ, ਨਿਰਛਲ ਪਿਆਰ, ਆਪਸੀ ਸਦਭਾਵਨਾ ਅਤੇ ਪਵਿੱਤਰ ਮਾਨਵੀ ਸਾਂਝਾਂ ਨੂੰ ਬਚਾਉਣ ਦੀ ਗੱਲ ਬੜੀ ਗੰਭੀਰ ਸੰਵੇਦਨਸ਼ੀਲਤਾ ਨਾਲ ਕਰਦਾ ਹੈ। 'ਦਰਦ ਮਜੀਠੀ' ਵਿਚਲਾ 'ਮਜੀਠੀ' ਸ਼ਬਦ ਆਪਣੇ ਆਪ ਵਿਚ ਇਕ ਬਹੁਤ ਵੱਡਾ ਪ੍ਰਤੀਕ ਹੈ। ਪੰਜਾਬੀ ਲੋਕ-ਰੰਗ ਅਤੇ

ਸੱਭਿਆਚਾਰ ਵਿਚ 'ਮਜੀਠ' ਦਾ ਰੰਗ ਅਜਿਹਾ ਪੱਕਾ ਅਤੇ ਗੂੜ੍ਹਾ ਰੰਗ ਹੁੰਦਾ ਹੈ ਜੋ ਕਦੇ ਵੀ ਫਿੱਕਾ ਨਹੀਂ ਪੈਂਦਾ ਅਤੇ ਧੋਣ ਨਾਲ ਵੀ ਨਹੀਂ ਲਹਿੰਦਾ (ਜਿਵੇਂ ਗੁਰਬਾਣੀ ਵਿਚ ਵੀ ਆਉਂਦਾ ਹੈ: 'ਹਰਿ ਭਾਨੁ ਭੈ ਰੰਗੁ ਮਜੀਠ ਰੰਗੁ ਲਾਹਾ ਭਾਈ ਰੇ')। ਬੁੱਟਰ ਦਾ ਸਮਾਜਿਕ ਅਤੇ ਮਾਨਸਿਕ ਦਰਦ ਵੀ ਇਸੇ ਮਜੀਠੀ ਰੰਗ ਵਰਗਾ ਹੈ, ਡੂੰਘਾ, ਸਥਾਈ, ਸਦੀਵੀ ਅਤੇ ਸੂਖਮ। ਇਹ ਕੋਈ ਕੱਚਾ ਜਾਂ ਅਸਥਾਈ ਰੋਣਾ ਨਹੀਂ ਹੈ, ਬਲਕਿ ਇਹ ਮਨੁੱਖਤਾ ਦੇ ਪ੍ਰਤੀ ਅਥਾਹ ਮੋਹ ਵਿਚੋਂ ਪੈਦਾ ਹੋਇਆ ਦਰਦ ਹੈ। ਉਹਨਾਂ ਦੀਆਂ ਕਵਿਤਾਵਾਂ ਵਿਚੋਂ ਇਕੱਲਤਾ, ਮਹਾਂ-ਨਗਰੀ ਉਦਾਸੀ, ਆਤਮਿਕ ਅਧੂਰੇਪਨ ਅਤੇ ਮਾਨਸਿਕ ਵੇਦਨਾ ਦੀਆਂ ਜੋ ਪ੍ਰਤੀਧੁਨੀਆਂ ਨਿਕਲਦੀਆਂ ਹਨ, ਉਹ ਪਾਠਕ ਨੂੰ ਕੇਵਲ ਸੁਹਜਾਤਮਕ ਅਨੰਦ ਹੀ ਨਹੀਂ ਦਿੰਦੀਆਂ, ਸਗੋਂ ਉਸ ਨੂੰ ਅੰਦਰ ਤੱਕ ਝੰਜੋੜ ਕੇ ਜਗਾਉਂਦੀਆਂ ਹਨ। ਕਵੀ ਜੀਵਨ ਦੇ ਇਸ ਸਮਾਜਿਕ ਸੱਚ ਨੂੰ ਸਿੱਧੇ ਜਾਂ ਸਪਾਟ ਪਾਸਿਓਂ ਦੇਖਣ ਦੀ ਬਜਾਏ ਉਸ ਦੇ ਅੰਦਰੂਨੀ ਕੋਣ ਤੋਂ ਦੇਖਦਾ ਹੈ, ਜਿਸ ਕਾਰਨ ਇਹ ਕਵਿਤਾਵਾਂ ਲੰਬੇ ਸਮੇਂ ਤੱਕ ਪਾਠਕ ਦੇ ਮਨ ਵਿਚ ਗੂੰਜਦੀਆਂ ਰਹਿੰਦੀਆਂ ਹਨ।

### ਅਸਤਿਤਵਵਾਦੀ ਸੰਕਟ, ਵਿਸ਼ਵੀਕਰਨ

ਦਰਸ਼ਨ ਬੁੱਟਰ ਦੀ ਕਾਵਿ-ਯਾਤਰਾ ਵਿਚ 'ਮਹਾਂਕੰਬਣੀ' ਕਾਵਿ-ਸੰਗ੍ਰਹਿ ਇਕ ਅਜਿਹਾ ਮੀਲ-ਪੱਥਰ ਅਤੇ ਸਿਖਰਲਾ ਪੜਾਅ ਹੈ ਜਿੱਥੇ ਪਹੁੰਚ ਕੇ ਕਵੀ ਦੀ ਸੰਵੇਦਨਾ ਕੇਵਲ ਨਿੱਜੀ ਜਾਂ ਸਥਾਨਕ ਸਮਾਜਿਕ ਸਰੋਕਾਰਾਂ ਤੱਕ ਸੀਮਿਤ ਨਹੀਂ ਰਹਿੰਦੀ, ਸਗੋਂ ਉਹ ਵਿਸ਼ਵ-ਵਿਆਪੀ ਅਤੇ ਬ੍ਰਹਿਮੰਡੀ ਸਰੋਕਾਰਾਂ ਨਾਲ ਡੂੰਘੀ ਤਰ੍ਹਾਂ ਜੁੜ ਜਾਂਦੀ ਹੈ। 1990 ਤੋਂ ਬਾਅਦ ਦੇ ਦੌਰ ਵਿਚ ਜੋ ਨਵ-ਪੂੰਜੀਵਾਦ, ਉਦਾਰੀਕਰਨ, ਨਿੱਜੀਕਰਨ ਅਤੇ ਵਿਸ਼ਵੀਕਰਨ (LPG- Liberalization, Privatization, Globalization) ਦੀਆਂ ਨੀਤੀਆਂ ਪੂਰੀ ਦੁਨੀਆ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਉੱਪਰ ਲਾਗੂ ਹੋਈਆਂ, ਉਹਨਾਂ ਨੇ ਆਮ ਲੋਕਾਂ ਦੀ ਮਾਨਸਿਕਤਾ, ਜੀਵਨ-ਸ਼ੈਲੀ ਅਤੇ ਸੱਭਿਆਚਾਰ ਵਿਚ ਜੋ ਤਰਥਲੀ, ਬੇਚੈਨੀ, ਭੈਅ ਅਤੇ ਅਸੁਰੱਖਿਆ ਪੈਦਾ ਕੀਤੀ ਹੈ, ਉਸ ਦੀ ਪ੍ਰਬਲ ਪ੍ਰਤੀਧੁਨੀ 'ਮਹਾਂਕੰਬਣੀ' ਦੇ ਹਰ ਪੰਨੇ ਅਤੇ ਹਰ ਸਤਰ 'ਤੇ ਬਹੁਤ ਤੀਬਰਤਾ ਨਾਲ ਮਹਿਸੂਸ ਕੀਤੀ ਜਾ ਸਕਦੀ ਹੈ।

ਗਲੋਬਲ ਪਿੰਡ ਦੇ ਇਸ ਚਮਕਦਾਰ ਪਰ ਕਰੂਰ ਦੌਰ ਵਿਚ ਆਧੁਨਿਕ ਮਨੁੱਖ ਤਕਨਾਲੋਜੀ, ਮਸ਼ੀਨੀਕਰਨ, ਸੋਸ਼ਲ ਮੀਡੀਆ ਅਤੇ ਮੰਡੀ ਦੇ ਜਾਲ ਵਿਚ ਫਸ ਕੇ ਇਕ ਨਿਰਜਿੰਦ ਪੁਰਜ਼ਾ ਬਣ ਕੇ ਰਹਿ ਗਿਆ ਹੈ। ਉਸ ਦੀ ਅਸਲੀ ਮਾਨਵੀ ਹੋਂਦ ਅਤੇ ਪਛਾਣ ਬੁਨਿਆਦੀ ਤੌਰ 'ਤੇ ਖ਼ਤਰੇ ਵਿਚ ਹੈ। ਮਨੁੱਖ ਹੁਣ ਬਾਹਰੋਂ ਬਹੁਤ ਜੁੜਿਆ ਹੋਇਆ ਦਿਖਾਈ ਦਿੰਦਾ ਹੈ, ਪਰ ਅੰਦਰੋਂ ਉਹ ਬੇਹੱਦ ਇਕੱਲਾ, ਟੁੱਟਿਆ ਹੋਇਆ ਅਤੇ ਅਸੁਰੱਖਿਅਤ ਹੈ। ਪੈਰਾਂ ਹੇਠੋਂ ਖਿਸਕ ਰਹੀ ਸੱਭਿਆਚਾਰਕ ਜ਼ਮੀਨ ਅਤੇ ਦਿਨ-ਬ-ਦਿਨ ਟੁੱਟ ਰਹੇ ਨੈਤਿਕ ਤੇ ਸਮਾਜਿਕ ਵਿਸ਼ਵਾਸਾਂ ਦੀ ਤ੍ਰਾਸਦੀ ਨੂੰ ਬੁੱਟਰ ਬਹੁਤ ਹੀ ਡੂੰਘਾਈ ਨਾਲ ਚਿਤਰਦੇ ਹਨ:

*ਪੈਰਾਂ ਹੇਠੋਂ ਖੁਰਦੀ ਜਾ ਰਹੀ ਭੁਰਭੁਰੇ ਵਿਸ਼ਵਾਸਾਂ ਦੀ ਰੇਤ*
*ਮੈਂ ਮੁੰਤਜ਼ਿਰ ਹਾਂ*
*ਤੇਰੀ ਮੁੱਠੀ ਵਿਚਲੀ ਚੱਪਾ ਕੁ ਜ਼ਮੀਨ ਦੀ (ਮਹਾਂਕੰਬਣੀ, ਪੰਨਾ-10)*

ਇਹ ਕਾਵਿਕ ਪ੍ਰਤੀਧੁਨੀ ਕੇਵਲ ਇਕ ਵਿਅਕਤੀ ਵਿਸ਼ੇਸ਼ ਦੀ ਆਵਾਜ਼ ਨਹੀਂ ਹੈ, ਸਗੋਂ ਇਹ ਉਸ ਸਮੁੱਚੀ ਮਾਨਵਤਾ ਦੀ ਸਾਂਝੀ ਆਵਾਜ਼ ਹੈ ਜੋ ਇਸ ਵਿਸ਼ਵ-ਵਿਆਪੀ ਗਲੋਬਲੀ ਮੰਡੀ ਵਿਚ ਆਪਣੀ ਅਸਲ ਪਛਾਣ, ਆਤਮਾ ਅਤੇ ਜੜ੍ਹਾਂ ਗੁਆ ਚੁੱਕੀ ਹੈ ਅਤੇ ਕਿਸੇ ਸੱਚੀ ਓਟ, ਸਹਾਰੇ ਜਾਂ ਆਤਮਿਕ ਚੱਪਾ ਕੁ ਜ਼ਮੀਨ ਦੀ ਤਲਾਸ਼ ਵਿਚ ਭਟਕ ਰਹੀ ਹੈ। 'ਭੁਰਭੁਰੇ ਵਿਸ਼ਵਾਸ' ਆਧੁਨਿਕ ਯੁੱਗ ਦੇ ਉਸ ਸੰਕਟ ਵੱਲ ਇਸ਼ਾਰਾ ਕਰਦੇ ਹਨ ਜਿੱਥੇ ਹੁਣ ਕੁਝ ਵੀ ਸਥਾਈ ਨਹੀਂ ਰਿਹਾ; ਨਾ ਰਿਸ਼ਤੇ, ਨਾ ਮੁੱਲ, ਨਾ ਸੱਭਿਆਚਾਰ। ਇਸ ਦੇ ਨਾਲ ਹੀ, 'ਮਹਾਂਕੰਬਣੀ' ਦੀਆਂ ਕਵਿਤਾਵਾਂ ਉੱਤਰ-ਪੰਜਾਬ ਸੰਕਟ ਦੇ ਦੌਰਾਨ ਅਤੇ ਉਸ ਤੋਂ ਬਾਅਦ ਮਨੁੱਖੀ ਮਨਾਂ 'ਤੇ ਪਏ ਡੂੰਘੇ ਮਨੋਵਿਗਿਆਨਕ ਪ੍ਰਭਾਵਾਂ ਦੀ ਵੀ ਸ਼ਕਤੀਸ਼ਾਲੀ ਪ੍ਰਤੀਧੁਨੀ ਹਨ। ਅਸੀਂ ਜਾਣਦੇ ਹਾਂ ਕਿ ਪੰਜਾਬ ਨੇ ਵੀਹਵੀਂ ਸਦੀ ਦੇ ਆਖਰੀ ਦਹਾਕਿਆਂ ਵਿਚ ਜੋ ਕਾਲਾ ਦੌਰ (ਅੱਤਵਾਦ ਅਤੇ ਰਾਜਸੀ ਹਿੰਸਾ ਦਾ ਦੌਰ) ਹੰਢਾਇਆ, ਉਸ ਨੇ ਪੰਜਾਬ ਦੀ ਆਰਥਿਕਤਾ, ਸਮਾਜਿਕਤਾ, ਸੱਭਿਆਚਾਰਕ ਸਾਂਝ ਅਤੇ ਭਾਈਚਾਰਕ ਤਾਣੇ-ਬਾਣੇ 'ਤੇ ਬਹੁਤ ਡੂੰਘੇ ਅਤੇ ਨਾਸੂਰ ਵਰਗੇ ਜ਼ਖ਼ਮ ਲਗਾਏ ਸਨ। ਦਰਸ਼ਨ ਬੁੱਟਰ ਉਸ ਦੌਰ ਦੀ ਸਿੱਧੀ ਨਾਅਰੇਬਾਜ਼ੀ ਵਾਲੀ ਕਵਿਤਾ ਲਿਖਣ ਦੀ ਬਜਾਏ, ਉਸ ਸੰਕਟ ਦੇ ਕਾਰਨ ਮਨੁੱਖੀ ਅਵਚੇਤਨ ਵਿਚ ਪੈਦਾ ਹੋਈ ਸਹਿਮ, ਦਹਿਸ਼ਤ, ਉਦਾਸੀ ਅਤੇ ਅਣਜਾਣੇ ਡਰ ਦੀ 'ਮਹਾਂ-ਕੰਬਣੀ' ਨੂੰ ਫੜਦੇ ਹਨ। ਇਹ ਕਵਿਤਾਵਾਂ ਪਾਠਕ ਨੂੰ ਇਕ ਅਣਜਾਣੇ ਡਰ ਅਤੇ ਮਹਾਂ-ਸੰਕਟ ਦੀ ਪ੍ਰਤੀਧੁਨੀ ਨਾਲ ਜੋੜ ਕੇ ਉਸ ਨੂੰ ਇਤਿਹਾਸਕ ਤੌਰ 'ਤੇ ਵਧੇਰੇ ਚੇਤੰਨ ਬਣਾਉਂਦੀਆਂ ਹਨ।

### ਨਾਰੀ ਚੇਤਨਾ ਅਤੇ ਪ੍ਰਕਿਰਤੀ

ਦਰਸ਼ਨ ਬੁੱਟਰ ਦੇ ਕਾਵਿ-ਸੰਸਾਰ ਵਿਚ ਨਾਰੀ (ਔਰਤ) ਅਤੇ ਪ੍ਰਕਿਰਤੀ (ਕੁਦਰਤ) ਦੋਵੇਂ ਕੋਈ ਬਾਹਰੀ ਸਜਾਵਟੀ ਤੱਤ ਨਹੀਂ ਹਨ, ਬਲਕਿ ਇਹ ਦੋਵੇਂ ਬਹੁਤ ਹੀ ਮਹੱਤਵਪੂਰਨ, ਜੀਵੰਤ ਅਤੇ ਗੰਭੀਰ ਸੁਹਜਾਤਮਕ ਪ੍ਰਤੀਕਾਂ ਵਜੋਂ ਉੱਭਰਦੇ ਹਨ। ਬੁੱਟਰ ਦੀ ਇਹ ਪ੍ਰਵਾਨਗੀ ਹੈ ਕਿ ਨਾਰੀ ਅਤੇ ਕੁਦਰਤ ਦੋਵਾਂ ਦਾ ਸ਼ੋਸ਼ਣ ਇਕੋ ਜਿਹੀ ਮਾਨਸਿਕਤਾ (ਮਰਦ-ਪ੍ਰਧਾਨ ਅਤੇ ਉਪਭੋਗਤਾਵਾਦੀ ਮਾਨਸਿਕਤਾ) ਵਿਚੋਂ ਪੈਦਾ ਹੁੰਦਾ ਹੈ। ਸਮਕਾਲੀ ਪੂੰਜੀਵਾਦੀ ਅਤੇ ਪਿੱਤਰ-ਸੱਤਾਤਮਕ ਸਮਾਜ ਵਿਚ ਹੋ ਰਹੀ ਭਰੂਣ-ਹੱਤਿਆ, ਨਾਰੀ ਦੇ ਦੇਹੀਕਰਨ ਅਤੇ ਉਸ ਦੇ ਹਰ ਪੱਧਰ 'ਤੇ ਹੋ ਰਹੇ ਸ਼ੋਸ਼ਣ ਪ੍ਰਤੀ ਕਵੀ ਦਾ ਮਨ ਬਹੁਤ ਜ਼ਿਆਦਾ ਚਿੰਤਤ ਅਤੇ ਬੇਚੈਨ ਹੈ। ਉਹ ਔਰਤ ਨੂੰ ਕੇਵਲ ਇਕ ਉਪਭੋਗ ਦੀ ਵਸਤੂ ਜਾਂ ਸਰੀਰ ਦੇ ਰੂਪ ਵਿਚ ਬਿਲਕੁਲ ਨਹੀਂ ਦੇਖਦਾ, ਸਗੋਂ ਉਸ ਨੂੰ ਜਗਤ-ਜਨਨੀ, ਕੁਦਰਤ ਦੇ ਸਮਾਨਾਂਤਰ ਸਿਰਜਕ ਅਤੇ ਮਾਨਵੀ ਸਭਿਅਤਾ ਦੀ ਅਸਲ ਨੀਂਹ ਵਜੋਂ ਸਵੀਕਾਰ ਕਰਦਾ ਹੈ। ਉਹ ਆਪਣੇ ਕਾਵਿ ਵਿਚ ਲਿਖਦਾ ਹੈ:

*ਤੀਆਂ ਵੇਲੇ ਪਿੜਾਂ ਵਿਚ*
*ਦੱਬੀਆਂ ਪਈਆਂ*
*ਅਣਜੰਮੀਆਂ ਕੰਜਕਾਂ*
*ਗ਼ਰਕ ਜਾਏਗੀ ਧਰਤੀ*
*ਸ਼ਰਮ ਦੀ ਮਾਰੀ (ਦਰਦ ਮਜੀਠੀ, ਪੰਨਾ-30)*

ਇਹਨਾਂ ਸਰਲ ਪਰ ਤਿੱਖੇ ਸ਼ਬਦਾਂ ਦੇ ਪਿੱਛੇ ਸਾਡੇ ਅਖੌਤੀ ਆਧੁਨਿਕ ਅਤੇ ਮਰਦ-ਪ੍ਰਧਾਨ ਸਮਾਜ ਦੇ ਕੋਹੜ, ਉਸ ਦੀ ਕਰੂਰਤਾ, ਲਿੰਗ-ਅਸਮਾਨਤਾ ਅਤੇ ਇਤਿਹਾਸਕ ਬੇਇਨਸਾਫ਼ੀ ਦੀਆਂ ਬਹੁਤ ਹੀ ਦਰਦਨਾਕ ਅਤੇ ਸ਼ਰਮਨਾਕ ਪ੍ਰਤੀਧੁਨੀਆਂ ਗੂੰਜਦੀਆਂ ਹਨ। ਇਹ ਸਤਰਾਂ ਪਾਠਕ ਦੇ ਅੰਦਰ ਇਕ ਨੈਤਿਕ ਅਪਰਾਧ-ਬੋਧ ਪੈਦਾ ਕਰਦੀਆਂ ਹਨ ਅਤੇ ਉਸ ਨੂੰ ਨਾਰੀ ਦੇ ਅਸਤਿਤਵ ਪ੍ਰਤੀ ਵਧੇਰੇ ਸੰਵੇਦਨਸ਼ੀਲ ਬਣਾਉਂਦੀਆਂ ਹਨ। ਕੁਦਰਤ ਨਾਲ ਦਰਸ਼ਨ ਬੁੱਟਰ ਦਾ ਰਿਸ਼ਤਾ ਬੇਹੱਦ ਆਤਮਿਕ, ਰਹੱਸਮਈ ਅਤੇ ਸੂਖਮ ਹੈ। ਉਹ ਅਜੋਕੇ ਪ੍ਰਦੂਸ਼ਿਤ ਅਤੇ ਕੰਕਰੀਟ ਦੇ

ਜੰਗਲ ਬਣ ਰਹੇ ਦੌਰ ਵਿਚ ਰੁੱਖਾਂ, ਪਾਣੀਆਂ, ਹਵਾਵਾਂ, ਬੱਦਲਾਂ ਅਤੇ ਪੰਛੀਆਂ ਰਾਹੀਂ ਮਨੁੱਖੀ ਜੀਵਨ ਦੇ ਬਹੁਤ ਡੂੰਘੇ ਫ਼ਲਸਫ਼ੇ ਨੂੰ ਸਹਿਜਤਾ ਨਾਲ ਸਮਝਾਉਂਦੇ ਹਨ। ਉਹਨਾਂ ਲਈ ਕੁਦਰਤ ਕੋਈ ਜੜ੍ਹ ਵਸਤੂ ਨਹੀਂ, ਬਲਕਿ ਇਕ ਜਿਉਂਦਾ-ਜਾਗਦਾ ਗੁਰੂ ਹੈ। ਸੁੱਕੇ ਪੱਤੇ ਦੀ ਕੁਰਬਾਨੀ ਰਾਹੀਂ ਨਵੇਂ ਪੱਤੇ ਦੇ ਆਉਣ ਦਾ ਜੋ ਸੱਚ (ਪਰਿਵਰਤਨ ਅਤੇ ਨਿਰੰਤਰਤਾ ਦਾ ਬ੍ਰਹਿਮੰਡੀ ਨਿਯਮ) ਉਹ ਪੇਸ਼ ਕਰਦੇ ਹਨ, ਉਹ ਉਹਨਾਂ ਦੀ ਕਵਿਤਾ ਵਿਚ ਇਕ ਅਦਭੁਤ ਸੁਹਜਮਈ ਅਤੇ ਦਾਰਸ਼ਨਿਕ ਧੁਨੀ ਪੈਦਾ ਕਰਦਾ ਹੈ:

*ਸੁੱਕੇ ਪੱਤੇ ਦੀ ਕੁਰਬਾਨੀ*  
*ਸ਼ਾਖ ਵਿਹਲੀ ਕਰ ਦਿੱਤੀ*  
*ਨਵੇਂ ਪੱਤੇ ਦੇ ਬੈਠਣ ਲਈ (ਖੜਾਵਾਂ, ਪੰਨਾ-94)*

ਇਹ ਸਤਰਾਂ ਮਨੁੱਖ ਨੂੰ ਸਿਖਾਉਂਦੀਆਂ ਹਨ ਕਿ ਜੀਵਨ ਵਿਚ ਤਿਆਗ, ਪਰਿਵਰਤਨ ਅਤੇ ਮੌਤ ਕੋਈ ਅੰਤ ਨਹੀਂ ਹਨ, ਬਲਕਿ ਇਹ ਨਵੀਂ ਸਿਰਜਣਾ ਦੇ ਬੁਨਿਆਦੀ ਨਿਯਮ ਹਨ। ਬੁੱਟਰ ਦੀ ਕਵਿਤਾ ਵਿਚ ਕੁਦਰਤ ਦਾ ਨਾਸ ਹੋਣਾ ਅਸਲ ਵਿਚ ਮਨੁੱਖੀ ਸਭਿਅਤਾ ਦੇ ਆਤਮਿਕ ਅਤੇ ਭੌਤਿਕ ਖ਼ਾਤਮੇ ਦੀ ਹੀ ਇਕ ਭਿਆਨਕ ਪ੍ਰਤੀਧੁਨੀ ਬਣ ਕੇ ਉੱਭਰਦਾ ਹੈ। ਉਹ ਮਨੁੱਖ ਨੂੰ ਕੁਦਰਤ ਦੇ ਸਹਿਜ ਰੂਪ ਵੱਲ ਵਾਪਸ ਮੁੜਨ ਦਾ ਹੋਕਾ ਦਿੰਦੇ ਹਨ।

### ਕਾਵਿਕ ਜੁਗਤਾਂ ਅਤੇ ਸ਼ੈਲੀਗਤ ਵਿਲੱਖਣਤਾ

ਦਰਸ਼ਨ ਬੁੱਟਰ ਦੀ ਸ਼ਾਇਰੀ ਦੀ ਸਮਕਾਲੀ ਪੰਜਾਬੀ ਕਵਿਤਾ ਵਿਚ ਸਭ ਤੋਂ ਵੱਡੀ ਪ੍ਰਾਪਤੀ ਅਤੇ ਵਿਲੱਖਣਤਾ ਉਹਨਾਂ ਦਾ ਬੇਹੱਦ ਸੂਖਮ ਕਾਵਿ-ਵਿਧਾਨ ਅਤੇ ਉਹਨਾਂ ਦੁਆਰਾ ਵਰਤੀਆਂ ਗਈਆਂ ਮੌਲਿਕ ਕਾਵਿਕ ਜੁਗਤਾਂ ਹਨ। ਬੁੱਟਰ ਸ਼ਬਦਾਂ ਦੇ ਸ਼ਾਬਦਿਕ ਆਡੰਬਰ, ਉੱਚੀ ਆਵਾਜ਼, ਨਾਅਰੇਬਾਜ਼ੀ ਜਾਂ ਬੇਲੋੜੇ ਭਾਸ਼ਾਈ ਖਿਲਾਰੇ ਦੇ ਸਖ਼ਤ ਖ਼ਿਲਾਫ਼ ਹਨ। ਉਹ ਪੰਜਾਬੀ ਕਵਿਤਾ ਵਿਚ 'ਥੋੜ੍ਹਾ ਕਹਿ ਕੇ ਬਹੁਤ ਕੁਝ ਸਮਝਾਉਣ' ਦੀ ਸੂਫ਼ਿਆਨਾ ਅਤੇ ਕਲਾਤਮਕ ਕਲਾ ਵਿਚ ਪੂਰੀ ਤਰ੍ਹਾਂ ਮਾਹਿਰ ਹਨ।

*ਹੁਣ ਤਾਂ ਇਹ ਵੀ ਚੇਤਾ ਨਹੀਂ*  
*'ਟਹਿਣੀ'*  
*ਹਵਾ ਨਾਲ ਕੰਬੀ ਸੀ*  
*ਕਿ.....ਪੰਛੀ ਦੇ ਉੱਡਣ ਨਾਲ*  
*ਹੁਣ ਤਾਂ ਇਹ ਵੀ ਯਾਦ ਨਹੀਂ*  
*'ਬਰਫ਼'*  
*ਹਉਕੇ ਨਾਲ ਪਿਘਲੀ ਸੀ*  
*ਕਿ.....ਲਹੂ ਦੇ ਸੇਕ ਨਾਲ (ਦਰਦ ਮਜੀਠੀ, ਪੰਨਾ-29)*

ਉਹਨਾਂ ਦੀ ਕਵਿਤਾ ਦੀ ਬਣਤਰ ਗਾਗਰ ਵਿਚ ਸਾਗਰ ਭਰਨ ਵਾਲੀ ਹੈ। ਉਹਨਾਂ ਦੀਆਂ ਕਵਿਤਾਵਾਂ ਵਿਚ ਵਰਤੇ ਗਏ ਬਿੰਬ ਅਤੇ ਪ੍ਰਤੀਕ ਬਹੁਤ ਹੀ ਢੁੱਕਵੇਂ, ਤਾਜ਼ਾ, ਨਿਵੇਕਲੇ ਅਤੇ ਵੰਨ-ਸੁਵੰਨੇ ਹਨ। ਜਾਹਨਸਨ ਅਨੁਸਾਰ, 'ਕਵਿਤਾ ਸੁਹਜ ਸੁਆਦ ਨੂੰ ਯਥਾਰਥ ਨਾਲ ਮਿਲਾਉਣ ਦਾ ਹੁਨਰ ਹੈ। ਜਿਸ ਵਿਚ ਤਰਕ ਦੀ ਸਹਾਇਤਾ ਲਈ ਕਲਪਨਾ ਦੀ ਜ਼ਰੂਰਤ ਪੈਂਦੀ ਹੈ।'4 ਉਹ ਰਵਾਇਤੀ ਉਪਮਾਵਾਂ ਤੋਂ ਅੱਗੇ ਲੰਘ ਕੇ ਅਜਿਹੇ ਅਦਭੁਤ ਅਤੇ ਪਰਾ-ਯਥਾਰਥਵਾਦੀ ਬਿੰਬ ਸਿਰਜਦੇ ਹਨ ਜੋ ਪਾਠਕ ਦੀ ਕਲਪਨਾ ਨੂੰ ਨਵੇਂ ਖੰਭ ਲਗਾਉਂਦੇ ਹਨ, ਜਿਵੇਂ:

- 'ਹਵਾ 'ਤੇ ਦਸਤਖ਼ਤ ਕਰਨੇ' (ਅਸਥਾਈ ਹੋਂਦ ਜਾਂ ਅਸੰਭਵ ਕੋਸ਼ਿਸ਼ ਦਾ ਬਿੰਬ)
- 'ਬਰਫ਼ ਦਾ ਹਉਕੇ ਨਾਲ ਪਿਘਲਣਾ' (ਸੰਵੇਦਨਸ਼ੀਲਤਾ ਅਤੇ ਅੰਦਰੂਨੀ ਪੀੜ ਦਾ ਪ੍ਰਤੀਕ)
- 'ਨਦੀਆਂ ਦਾ ਪਿਆਸ ਪੀਣਾ' (ਤ੍ਰਿਪਤੀ ਅਤੇ ਅਧੂਰੇਪਨ ਦਾ ਵਿਰੋਧਾਭਾਸੀ ਬਿੰਬ)

### ਦਰਸ਼ਨ ਬੁੱਟਰ ਦੀ ਕਾਵਿ-ਸ਼ੈਲੀ

ਦਰਸ਼ਨ ਬੁੱਟਰ ਦੀ ਕਾਵਿ-ਸ਼ੈਲੀ ਦੀ ਵਿਲੱਖਣਤਾ ਉਹਨਾਂ ਦੀਆਂ ਸੂਖਮ ਕਾਵਿਕ ਜੁਗਤਾਂ ਅਤੇ ਸ਼ੈਲੀਗਤ ਆਯਾਮਾਂ ਦੇ ਬਿਹਤਰੀਨ ਸੁਮੇਲ ਵਿੱਚੋਂ ਪੈਦਾ ਹੁੰਦੀ ਹੈ। ਡਾ. ਅਨੂਪ ਸਿੰਘ ਲਿਖਦੇ ਹਨ, 'ਦਰਸ਼ਨ ਬੁੱਟਰ ਦੀ ਭਾਸ਼ਾ ਸ਼ੈਲੀ ਸੁਹਜਾਤਮਿਕ ਪ੍ਰਭਾਵ ਪੈਦਾ ਕਰਨ ਵਾਲੀ ਅਤੇ ਇਸ ਦੀ ਤੀਬਰਤਾ, ਤੀਖਣਤਾ ਨੂੰ ਪ੍ਰਚੰਡ ਕਰਨ ਵਾਲੀ ਹੈ।'5 ਉਹਨਾਂ ਦੀ ਸ਼ਾਇਰੀ ਵਿੱਚ ਸੂਖਮ ਰਸ ਅਤੇ ਅਲੰਕਾਰਾਂ ਦੀ ਵਰਤੋਂ ਬਾਹਰੀ ਸ਼ੋਰ-ਸ਼ਰਾਬੇ ਨੂੰ ਖ਼ਤਮ ਕਰਕੇ ਕਵਿਤਾ ਦੀ ਸੁਰ ਨੂੰ ਬਹੁਤ ਹੀ ਮਧੁਰ, ਗੰਭੀਰ ਅਤੇ ਅੰਤਰਮੁਖੀ ਬਣਾ ਦਿੰਦੀ ਹੈ। ਇਸ ਦੇ ਨਾਲ ਹੀ, ਉਹਨਾਂ ਦੀ ਸੁੱਚਜੀ ਅਤੇ ਸੰਜਮੀ ਸ਼ਬਦ-ਚੋਣ ਗਾਗਰ ਵਿੱਚ ਸਾਗਰ ਭਰਨ ਦਾ ਕਾਰਜ ਕਰਦੀ ਹੈ, ਜਿੱਥੇ ਬਹੁਤ ਹੀ ਘੱਟ ਲਫ਼ਜ਼ਾਂ ਵਿੱਚ ਬ੍ਰਹਿਮੰਡੀ ਅਤੇ ਦਾਰਸ਼ਨਿਕ ਸੱਚ ਨੂੰ ਇਸ ਖ਼ੂਬਸੂਰਤੀ ਨਾਲ ਪੇਸ਼ ਕੀਤਾ ਜਾਂਦਾ ਹੈ ਕਿ ਸ਼ਬਦਾਂ ਦੇ ਵਿਚਕਾਰਲੀਆਂ ਖਾਲੀ ਥਾਵਾਂ ਵੀ ਪਾਠਕ ਨਾਲ ਗੱਲਾਂ ਕਰਦੀਆਂ ਪ੍ਰਤੀਤ ਹੁੰਦੀਆਂ ਹਨ।

*ਤੇਜ਼ਾਬੀ ਬਾਰਿਸ਼ ਲਈ*  
*ਆਹਰ ਕਰਦਾ ਹਾਂ*  
*ਨਦੀਆਂ ਨੂੰ*  
*ਰੇਤ ਹੋ ਜਾਣ ਲਈ ਆਖਦਾ ਹਾਂ*  
*ਫੁੱਲਾਂ ਨੂੰ*  
*ਸੁੱਕ ਜਾਣ ਦਾ ਹੁਕਮ ਦਿੰਦਾ ਹਾਂ*  
*ਪੰਛੀਆਂ ਨੂੰ*  
*ਫੁੜਕ ਜਾਣ ਦਾ ਸਰਾਪ ਦਿੰਦਾ ਹਾਂ (ਖੜਾਵਾਂ, ਪੰਨਾ-21)*

ਬੁੱਟਰ ਆਪਣੇ ਪਾਠਕ ਨੂੰ ਕਵਿਤਾ ਦੇ ਬਿਰਤਾਂਤ ਨਾਲ ਜੋੜਨ ਲਈ ਸੰਬੋਧਨੀ ਅਤੇ ਪ੍ਰਸ਼ਨ ਸ਼ੈਲੀ ਦਾ ਸਹਾਰਾ ਲੈਂਦੇ ਹਨ, ਜੋ ਪਾਠਕ ਨਾਲ ਇੱਕ ਸਿੱਧਾ ਤੇ ਗੰਭੀਰ ਸੰਵਾਦ ਰਚਾਉਣ ਵਿੱਚ ਸਫ਼ਲ ਹੁੰਦੀ ਹੈ ਅਤੇ ਉਸ ਦੇ ਅਵਚੇਤਨ ਵਿੱਚ ਹੋਂਦਮੂਲਕ ਸਵਾਲਾਂ ਦੀ ਇੱਕ ਡੂੰਘੀ ਪ੍ਰਤੀਧੁਨੀ ਜਗਾਉਂਦੀ ਹੈ। ਇਸ ਸਮੁੱਚੇ ਕਾਵਿ-ਵਿਧਾਨ ਨੂੰ ਪ੍ਰਗਟ ਕਰਨ ਲਈ ਉਹ ਸਰਲ ਅਤੇ ਮਿਲਵੀਂ ਭਾਸ਼ਾ ਦੀ ਵਰਤੋਂ ਕਰਦੇ ਹਨ, ਜਿਸ ਵਿੱਚ ਮਾਲਵੇ ਦੇ ਖੇਤਰ ਦੀ ਪ੍ਰਤੀਨਿਧਤਾ ਦੇ ਨਾਲ-ਨਾਲ ਆਮ ਪੰਜਾਬੀ ਬੋਲਚਾਲ ਦੀ ਸਰਲਤਾ ਸ਼ਾਮਲ ਹੈ। ਇਹੀ ਕਾਰਨ ਹੈ ਕਿ ਉਹਨਾਂ ਦੇ ਬੋਲ ਪਾਠਕ ਦੇ ਦਿਲ ਵਿੱਚ ਸਿੱਧੇ ਉਤਰ ਜਾਂਦੇ ਹਨ ਅਤੇ ਮਨ-ਮਸਤਕ 'ਤੇ ਇੱਕ ਸਥਾਈ ਗੂੰਜ ਛੱਡਣ ਵਿੱਚ ਕਾਮਯਾਬ ਹੁੰਦੇ ਹਨ। ਬੁੱਟਰ ਨੇ ਕੇਵਲ ਸ਼ਬਦਾਂ ਦਾ ਜਾਲ ਹੀ ਨਹੀਂ ਬੁਣਿਆ, ਸਗੋਂ ਜੀਵਨ ਦੇ ਗੁੰਝਲਦਾਰ ਅਤੇ ਕੌੜੇ ਅਨੁਭਵਾਂ ਨੂੰ ਉੱਚ-ਕਲਪਨਾ, ਢੁੱਕਵੇਂ ਬਿੰਬਾਂ, ਪ੍ਰਤੀਕਾਂ, ਅਲੰਕਾਰਾਂ, ਸੂਝ-ਭਰੀ ਸ਼ਬਦਾਵਲੀ ਅਤੇ ਸ਼ਾਂਤ ਰਸ ਨਾਲ ਸ਼ਿੰਗਾਰਿਆ ਹੈ। ਉਹਨਾਂ ਦੀ ਸੰਬੋਧਨੀ ਸ਼ੈਲੀ ਪਾਠਕ ਨੂੰ ਇਕ ਪੈਸਿਵ ਸਰੋਤਾ ਨਹੀਂ ਰਹਿਣ ਦਿੰਦੀ,

ਬਲਕਿ ਉਸ ਨੂੰ ਕਵਿਤਾ ਦੀ ਅਰਥ-ਸਿਰਜਣ ਪ੍ਰਕਿਰਿਆ ਵਿਚ ਇਕ ਸਰਗਰਮ ਹਿੱਸੇਦਾਰ ਬਣਾ ਲੈਂਦੀ ਹੈ।

**ਸਾਰ**

ਸਮੁੱਚੇ ਅਧਿਐਨ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਦਰਸ਼ਨ ਬੁੱਟਰ ਦੀ ਕਵਿਤਾ ਸਮਕਾਲੀ ਪੰਜਾਬੀ ਸਾਹਿਤ ਜਗਤ ਵਿਚ ਇਕ ਬਹੁਤ ਹੀ ਮਾਨਵਵਾਦੀ, ਮਿਆਰੀ, ਵਿਲੱਖਣ ਅਤੇ ਪ੍ਰਭਾਵਸ਼ਾਲੀ ਦ੍ਰਿਸ਼ਟੀ ਪੇਸ਼ ਕਰਦੀ ਹੈ। ਉਹਨਾਂ ਦੀ ਸ਼ਾਇਰੀ ਕੇਵਲ ਸਮਕਾਲੀ ਯਾਤਰਾ ਦਾ ਸਪਾਟ ਬਿਆਨ ਨਹੀਂ ਹੈ, ਬਲਕਿ ਇਹ ਮਨੁੱਖੀ ਹੋਂਦ ਦੇ ਅੰਦਰਲੇ ਸੱਚ ਦੀ ਖੋਜ ਹੈ। ਬੁੱਟਰ ਦੀ ਕਵਿਤਾ ਵਿਚਲੀਆਂ 'ਪ੍ਰਤੀਧੁਨੀਆਂ' ਪਾਠਕ ਨੂੰ ਕੇਵਲ ਕੋਈ ਉੱਪਰਲਾ ਸੁਹਜ-ਸੁਆਦ ਜਾਂ ਮਨੋਰੰਜਨ ਨਹੀਂ ਦਿੰਦੀਆਂ, ਸਗੋਂ ਉਸ ਨੂੰ ਅਜੋਕੇ ਨਵ-ਪੂੰਜੀਵਾਦੀ, ਮਸ਼ੀਨੀ ਅਤੇ ਗਲੋਬਲੀ ਦੌਰ ਦੇ ਭਿਆਨਕ ਖ਼ਤਰਿਆਂ, ਰਿਸ਼ਤਿਆਂ ਦੇ ਖੋਖਲੇਪਣ ਅਤੇ ਪਛਾਣ ਦੇ ਸੰਕਟ ਪ੍ਰਤੀ ਬਹੁਤ ਬਾਰੀਕੀ ਨਾਲ ਸੁਚੇਤ ਵੀ ਕਰਦੀਆਂ ਹਨ। ਉਹਨਾਂ ਦੀ ਕਵਿਤਾ ਵਿਚ ਅਤੀਤ, ਪਰੰਪਰਾ ਅਤੇ ਮਿਥਿਹਾਸਕ ਹਵਾਲਿਆਂ ਦਾ ਵਰਤਮਾਨ ਕਾਲ ਦੇ ਸੰਦਰਭ ਵਿਚ ਬਹੁਤ ਹੀ ਸਾਰਥਕ ਅਤੇ ਕਲਾਤਮਕ ਸੁਮੇਲ, ਸ਼ਾਇਰੀ ਨੂੰ ਇਕ ਸਦੀਵੀ ਮਿਆਰ ਪ੍ਰਦਾਨ ਕਰਦਾ ਹੈ। ਉਹ ਅਤੀਤ, ਸਮਾਜਿਕ ਦਰਦ ਅਤੇ ਬ੍ਰਹਿਮੰਡੀ ਸੰਕਟਾਂ ਨੂੰ ਇਕੋ ਸੁਹਜਾਤਮਕ ਸੂਤਰ ਵਿਚ ਪਰੋ ਕੇ ਪੇਸ਼ ਕਰਦੇ ਹਨ। ਇਹ ਕਿਹਾ ਜਾ ਸਕਦਾ ਹੈ ਕਿ ਦਰਸ਼ਨ ਬੁੱਟਰ ਦੀ ਕਵਿਤਾ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਇਕ ਅਜਿਹਾ ਮੀਲ-ਪੱਥਰ ਹੈ ਜੋ ਬੌਧਿਕ ਚਿੰਤਨ ਅਤੇ ਭਾਵੁਕ ਸੰਵੇਦਨਾ ਦਾ ਇਕ ਬਹੁਤ ਹੀ ਹਸੀਨ ਅਤੇ ਸੰਤੁਲਿਤ ਸੁਮੇਲ ਹੈ। ਉਹਨਾਂ ਦੀ ਸ਼ਾਇਰੀ ਵਿਚਲੀਆਂ ਬਹੁ-ਪਰਤੀ ਪ੍ਰਤੀਧੁਨੀਆਂ ਸਾਨੂੰ ਆਪਣੇ ਅੰਦਰ ਝਾਤੀ ਮਾਰਨ ਅਤੇ ਮਾਨਵੀ ਕਦਰਾਂ-ਕੀਮਤਾਂ ਨੂੰ ਬਚਾਉਣ ਲਈ ਹਮੇਸ਼ਾ ਪ੍ਰੇਰਿਤ ਕਰਕੇ ਪੰਜਾਬੀ ਸਾਹਿਤ ਅਤੇ ਪਾਠਕਾਂ ਦੇ ਚੇਤਨਾ-ਮੰਡਲ ਵਿਚ ਹਮੇਸ਼ਾ ਸਦੀਵੀ ਤੌਰ 'ਤੇ ਗੂੰਜਦੀਆਂ ਰਹਿਣਗੀਆਂ।

## *ਹਵਾਲੇ ਅਤੇ ਟਿੱਪਣੀਆਂ*


1. *ਡਾ ਅਰਵਿੰਦਰ ਕੌਰ, ਸਮਕਾਲੀ ਕਵਿਤਾ ਦਾ ਨਵਾਂ ਮੁਹਾਂਦਰਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2010, ਪੰਨਾ: 9.*
2. *ਡਾ. ਰਜਿੰਦਰਪਾਲ ਬਰਾੜ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਲੋਕਗੀਤ ਪ੍ਰਕਾਸ਼ਨ, ਸਰਹਿੰਦ, 1991, ਪੰਨਾ: 222.*
3. *ਤਸਕੀਨ, ਆਧੁਨਿਕ ਸਰੋਕਾਰ ਅਤੇ ਨਵਤੇਜ ਦੀ ਕਵਿਤਾ ਸੱਤਾ ਦਾ ਪ੍ਰਵਚਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012, ਪੰਨਾ: 4.*
4. *ਡਾ. ਪ੍ਰੇਮ ਪ੍ਰਕਾਸ਼ ਸਿੰਘ, ਕਾਵਿ ਦੇ ਤੱਤ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1970, ਪੰਨਾ: 77.*
5. *ਡਾ. ਅਨੂਪ ਸਿੰਘ, ਆਲੋਚਕ ਆਖਦੇ ਨੇ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2011, ਪੰਨਾ: 39.*

***ਸਹਾਇਕ ਪੁਸਤਕ ਸੂਚੀ***

1. *ਦਰਸ਼ਨ ਬੁੱਟਰ, ਖੜਾਵਾਂ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2001*
2. *ਓਹੀ, ਦਰਦ ਮਜੀਠੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006.*
3. *ਓਹੀ, ਮਹਾਂਕੰਬਣੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2009.*
4. *ਡਾ. ਯੋਗਰਾਜ, ਪੰਜਾਬੀ ਕਵਿਤਾ: ਉੱਤਰ ਪੰਜਾਬ ਸੰਕਟ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2012.*
5. *ਅਨੰਦਵਰਧਨ, ਧਵਨਆਲੋਕ (ਪੰਜਾਬੀ ਰੂਪਾਂਤਰ), ਪੰਜਾਬੀ ਯੂਨੀਵਰਸਿਟੀ, ਪਟਿਆਲਾ, 1992.*
6. *ਸੇਖੋਂ, ਸੰਤ ਸਿੰਘ, ਸਾਹਿਤਿਆਰਥ, ਲਾਹੌਰ ਬੁੱਕ ਸ਼ਾਪ, ਲੁਧਿਆਣਾ 1954.*



## *Cite this Article-*

*ਡਾ. ਪਵਨ ਕੁਮਾਰ (Dr. Pawan Kumar), ਦਰਸ਼ਨ ਬੁੱਟਰ ਦੀ ਕਵਿਤਾ ਵਿਚਲੀਆਂ ਪ੍ਰਤੀਧੁਨੀਆਂ (Darshan Butter Di Kavita Vichlian Pratidhunian), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 17-22.*

*Journal URL: www.armaan.org.in*

*DOI: https://doi.org/10.64119/armaan.vol.4.issue3.04*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/